# ਵਰਲਡ ਪੰਜਾਬੀ ਟਾਈਮਜ਼
## WORLD PUNJABI TIMES

WORLD PUNJABI TIMES REACHING THE WORLD
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

Epaper World Punjabi Times | 13 ਜੂਨ 2025 ਦਿਨ ਸ਼ੁੱਕਰਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼

## ਸਾਹਿਤ ਸਭਾ ਸਰੀ ਵੱਲੋਂ ਰਣਜੀਤ ਸਿੰਘ ਦੀ ਪੁਸਤਕ 'ਅਨਮੋਲ ਰਤਨ' ਰਿਲੀਜ਼ ਕੀਤੀ ਗਈ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 13 ਜੂਨ : ਬੀਤੇ ਦਿਨੀਂ ਸਾਹਿਤ ਸਭਾ ਸਰੀ ਵੱਲੋਂ ਪੰਜਾਬ ਭਵਨ ਵਿਖੇ ਮਾਸਿਕ ਮੀਟਿੰਗ ਕੀਤੀ ਗਈ ਜਿਸ ਵਿਚ ਪੰਜਾਬ ਤੋਂ ਆਏ ਸਾਹਿਤਕਾਰ ਰਣਜੀਤ ਸਿੰਘ ਦੀ ਵਾਰਤਕ ਪੁਸਤਕ 'ਅਨਮੋਲ ਰਤਨ' ਲੋਕ ਅਰਪਣ ਕੀਤੀ ਗਈ।

ਸਭਾ ਦੇ ਪ੍ਰਧਾਨ ਇੰਦਰਜੀਤ ਧਾਮੀ ਨੇ ਮੀਟਿੰਗ ਵਿਚ ਪਹੁੰਚੇ ਸਭਨਾਂ ਲੇਖਕਾਂ, ਪਾਠਕਾਂ ਨੂੰ ਜੀ ਆਇਆਂ ਕਿਹਾ ਅਤੇ ਪਿਛਲੇ ਥੋੜ੍ਹੇ ਸਮੇਂ ਵਿਚ ਸਦੀਵੀ ਵਿਛੋੜਾ ਦੇ ਗਏ ਸਾਹਿਤ ਸਭਾ ਸਰੀ ਦੇ ਪ੍ਰਧਾਨ ਕ੍ਰਿਸ਼ਨ ਭਨੋਟ, ਪ੍ਰਸਿੱਧ ਸ਼ਾਇਰ ਨਦੀਮ ਪਰਮਾਰ, ਹਰਜੀਤ ਦੌਂਧਰੀਆ ਅਤੇ ਨਾਮਵਰ ਚਿੱਤਰਕਾਰ ਜਰਨੈਲ ਸਿੰਘ ਨੂੰ ਯਾਦ ਕਰਦਿਆਂ ਦੁੱਖ ਪ੍ਰਗਟ ਕੀਤਾ।



ਰਣਜੀਤ ਸਿੰਘ ਨੇ ਆਪਣੀ ਪੁਸਤਕ 'ਅਨਮੋਲ ਰਤਨ' ਬਾਰੇ ਸੰਖੇਪ ਜਾਣਕਾਰੀ ਦਿੰਦਿਆਂ ਕਿਹਾ ਕਿ ਇਸ ਵਿਚ ਡਾ. ਨਰਿੰਦਰ ਸਿੰਘ ਕਪਾਨੀ, ਭਾਈ ਬੰਨੋ ਜੀ, ਬੰਦਾ ਸਿੰਘ ਬਹਾਦਰ, ਜੱਸਾ ਸਿੰਘ ਰਾਮਗੜ੍ਹੀਆ, ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਬਘੇਲ ਸਿੰਘ, ਭਗਤ ਪੂਰਨ ਸਿੰਘ, ਡਾ. ਹਰੀ ਰਾਮ ਗੁਪਤਾ, ਪੀਰ ਬੁੱਧੂ ਸ਼ਾਹ ਅਤੇ ਮਾਸਟਰ ਤਾਰਾ ਸਿੰਘ ਸਮੇਤ 24 ਪ੍ਰਮੁੱਖ ਸ਼ਖ਼ਸੀਅਤਾਂ ਦੀਆਂ ਜੀਵਨੀਆਂ ਦਰਜ ਹਨ।

ਪੰਜਾਬ ਭਵਨ ਦੇ ਨਿਰਮਾਤਾ ਸੁੱਖੀ ਬਾਠ ਨੇ ਇਸ ਮੌਕੇ ਰਣਜੀਤ ਸਿੰਘ ਨੂੰ ਇਸ ਵੱਡਮੁੱਲੀ ਪੁਸਤਕ ਲਈ ਮੁਬਾਰਕਬਾਦ ਦਿੱਤੀ। ਉਨ੍ਹਾਂ ਦੱਸਿਆ ਕਿ 152 ਸਟਰੀਟ ਅਤੇ 66 ਐਵੀਨਿਊ ਸਰੀ ਵਿਖੇ ਬਣ ਰਹੀ ਪੰਜਾਬ ਭਵਨ ਦੀ ਨਵੀਂ ਇਮਾਰਤ ਆਉਂਦੇ ਛੇ ਮਹੀਨਿਆਂ ਵਿਚ ਮੁਕੰਮਲ ਹੋ ਜਾਵੇਗੀ। ਉਨ੍ਹਾਂ ਪੰਜਾਬ ਭਵਨ ਵੱਲੋਂ ਰਣਜੀਤ ਸਿੰਘ ਦਾ ਸਨਮਾਨ ਕੀਤਾ। ਇਸ ਮੌਕੇ ਹਾਜਰ ਕਵੀਆਂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਮੀਟਿੰਗ ਦਾ ਸੰਚਾਲਨ ਡਾ. ਦਵਿੰਦਰ ਕੌਰ ਨੇ ਬਾਖੂਬੀ ਕੀਤਾ।

## ਬਾਬਾ ਫਰੀਦ ਯੂਨੀਵਰਸਿਟੀ ਨੇ 1000 ਮੈਡੀਕਲ ਅਫਸਰਾਂ ਦੀ ਭਰਤੀ ਲਈ ਐਲਾਨਿਆ ਨਤੀਜਾ

### ਪ੍ਰੀਖਿਆ ਵਿੱਚੋਂ ਕੁੱਲ 3700 ਤੋਂ ਵੱਧ ਉਮੀਦਵਾਰ ਹੋਏ ਪਾਸ

### 3802 ਉਮੀਦਵਾਰ ਪ੍ਰੀਖਿਆ ਵਿੱਚ ਹਾਜ਼ਰ ਹੋਏ, ਜਦਕਿ 547 ਰਹੇ ਗੈਰ ਹਾਜ਼ਰ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 13 ਜੂਨ: ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ ਫਰੀਦਕੋਟ ਵੱਲੋਂ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਹੇਠ 1000 ਮੈਡੀਕਲ ਅਫਸਰ (ਜਨਰਲ) ਦੀ ਭਰਤੀ ਲਈ ਲਿਖਤੀ ਪ੍ਰੀਖਿਆ ਦੇ ਨਤੀਜੇ ਜਾਰੀ ਕਰ ਦਿੱਤੇ ਗਏ ਹਨ। ਇਹ ਭਰਤੀ ਮੁਹਿੰਮ 22 ਅਪ੍ਰੈਲ 2025 ਨੂੰ ਜਾਰੀ ਸਰਕਾਰੀ ਮੈਮੋ ਦੇ ਆਧਾਰ 'ਤੇ ਸ਼ੁਰੂ ਕੀਤੀ ਗਈ ਸੀ। ਯੂਨੀਵਰਸਿਟੀ ਨੇ ਆਨਲਾਈਨ ਅਰਜ਼ੀਆਂ 25 ਅਪ੍ਰੈਲ ਤੋਂ 15 ਮਈ 2025 ਤੱਕ ਮੰਗੀਆਂ ਸਨ। ਡਾਇਰੈਕਟਰ ਹੈਲਥ ਸਰਵਿਸਿਜ਼ ਪੰਜਾਬ




ਦੇ ਨਿਰਦੇਸ਼ਾਂ ਅਨੁਸਾਰ, ਆਖਰੀ ਮਿਤੀ ਨੂੰ ਵਧਾ ਕੇ 22 ਮਈ 2025 ਕਰ ਦਿੱਤਾ ਗਿਆ ਸੀ ਅਤੇ ਇਸ ਸੰਬੰਧੀ ਜਾਣਕਾਰੀ ਅਖ਼ਬਾਰਾਂ ਅਤੇ ਵੈਬਸਾਈਟ ਰਾਹੀਂ ਜਨਤਕ ਕੀਤੀ ਗਈ ਸੀ। ਲਿਖਤੀ ਪ੍ਰੀਖਿਆ 3 ਜੂਨ 2025 ਨੂੰ ਸਵੇਰੇ 11:00 ਵਜੇ ਤੋਂ ਦੁਪਹਿਰ 1:00 ਵਜੇ ਤੱਕ ਪੰਜਾਬ ਦੇ 16 ਕੇਂਦਰਾਂ 'ਤੇ ਹੋਈ, ਜਿਵੇਂ ਕਿ ਅੰਮ੍ਰਿਤਸਰ, ਲੁਧਿਆਣਾ, ਜਲੰਧਰ, ਮੋਹਾਲੀ, ਸੰਗਰੂਰ ਅਤੇ ਫਰੀਦਕੋਟ। ਪ੍ਰੀਖਿਆ ਨੂੰ ਪੂਰੀ ਤਰ੍ਹਾਂ ਪਾਰਦਰਸ਼ੀ ਅਤੇ ਸੁਚੱਜੇ ਢੰਗ ਨਾਲ ਕਰਵਾਇਆ ਗਿਆ। ਕੁੱਲ 4349 ਉਮੀਦਵਾਰਾਂ ਨੇ ਫੀਸ ਜਮਾਂ ਕਰਵਾਈ, ਜਿਨ੍ਹਾਂ ਵਿੱਚੋਂ ਲਗਭਗ 3802 ਉਮੀਦਵਾਰ ਪ੍ਰੀਖਿਆ ਵਿੱਚ ਹਾਜ਼ਰ ਹੋਏ, ਜਦਕਿ 547 ਗੈਰਹਾਜ਼ਰ ਰਹੇ। ਪੰਜਾਬ ਸਿਹਤ ਵਿਭਾਗ ਵੱਲੋਂ ਨਿਰਧਾਰਤ ਮਾਪਦੰਡਾਂ ਅਨੁਸਾਰ, 33 ਫੀਸਦੀ ਜਾਂ ਇਸ ਤੋਂ ਵੱਧ ਅੰਕ ਹਾਸਲ ਕਰਨ ਵਾਲੇ ਉਮੀਦਵਾਰ ਪਾਸ ਐਲਾਨੇ ਗਏ। ਕੁੱਲ 3754 ਉਮੀਦਵਾਰ ਪ੍ਰੀਖਿਆ ਵਿੱਚ ਕਾਮਯਾਬ ਰਹੇ। ਪਾਰਦਰਸ਼ਿਤਾ ਨੂੰ ਬਣਾਏ ਰੱਖਣ ਲਈ, ਯੂਨੀਵਰਸਿਟੀ ਨੇ ਪ੍ਰੀਖਿਆ ਤੋਂ ਬਾਅਦ ਉੱਤਰ ਕੁੰਜੀ ਵੈਬਸਾਈਟ 'ਤੇ ਅਪਲੋਡ ਕਰਕੇ, ਉਮੀਦਵਾਰਾਂ ਤੋਂ ਇਤਰਾਜ਼ਾ (ਜੇ ਕੋਈ ਹੋਣ) ਮੰਗੇ। ਸਾਰੇ ਸੰਭਾਵੀ ਇਤਰਾਜ਼ ਦੀ ਜਾਂਚ ਕਰਨ ਉਪਰੰਤ, 12 ਜੂਨ 2025 ਨੂੰ ਅੰਤਿਮ ਨਤੀਜਾ ਜਾਰੀ ਕੀਤਾ ਗਿਆ, ਜੋ ਹੁਣ ਯੂਨੀਵਰਸਿਟੀ ਦੀ ਵੈਬਸਾਈਟ 'ਤੇ ਉਪਲਬਧ ਹੈ। ਇਹ ਭਰਤੀ ਮੁਹਿੰਮ ਪੰਜਾਬ ਵਿੱਚ ਸਰਵਜਨਿਕ ਸਿਹਤ ਸੰਰਚਨਾ ਨੂੰ ਮਜ਼ਬੂਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ।

## ਪੈਨਸ਼ਨਰਜ਼ ਵੈਲਫੇਅਰ ਐਸੋਸ਼ੀਏਸ਼ਨ ਨਾਭਾ ਦੀ ਮੰਗਾਂ ਬਾਰੇ ਮੀਟਿੰਗ ਹੋਈ

ਵਰਲਡ ਪੰਜਾਬੀ ਟਾਈਮਜ਼

ਨਾਭਾ 13 ਜੂਨ : ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸ਼ੀਏਸ਼ਨ ਨਾਭਾ ਦੀ ਤਿਮਾਹੀ ਮੀਟਿੰਗ ਪ੍ਰਧਾਨ ਸ੍ਰ. ਪਰਮਜੀਤ ਸਿੰਘ ਸੋਢੀ ਦੀ ਅਗਵਾਈ ਵਿੱਚ ਸੀਨੀਅਰ ਸਿਟੀਜਨ ਸੰਸਥਾ ਦੇ ਹਾਲ ਵਿਖੇ ਹੋਈ । ਮੀਟਿੰਗ ਵਿੱਚ ਪੈਨਸ਼ਨਰਾਂ ਦੀਆਂ ਸਮੱਸਿਆਵਾਂ ਸਬੰਧੀ ਵਿਚਾਰ ਵਿਟਾਂਦਰਾ ਕੀਤਾ ਗਿਆ ।ਪੈਨਸ਼ਨਰਾਂ ਦੇ ਬਕਾਏ ਅਤੇ ਲੀਵ ਇਨਕੈਸ਼ਮੈਂਟ ਦੇ ਬਕਾਏ ਸਮੇਂ ਸਿਰ ਨਾ ਦੇਣ ਤੇ ਪੰਜਾਬ ਸਰਕਾਰ ਦੀ ਢਿੱਲੀ ਕਾਰਗੁਜ਼ਾਰੀ ਦੀ ਨਿਖੇਧੀ ਕੀਤੀ ਗਈ । ਮੀਟਿੰਗ ਵਿੱਚ 01 ਜਨਵਰੀ 2016 ਤੋਂ ਪਹਿਲਾਂ ਸੇਵਾ ਮੁਕਤ ਹੋਏ ਪੈਨਸ਼ਨਰਜ਼ ਨੂੰ 2.59 ਦਾ ਗੁਣਾਂਕ ਦੇਣ ਦੀ ਪੰਜਾਬ ਸਰਕਾਰ ਤੋਂ ਪੁਰਜ਼ੋਰ ਮੰਗ ਕੀਤੀ ਗਈ ।ਬਕਾਇਆ ਡੀ.ਏ. ਦੀਆਂ ਕਿਸ਼ਤਾਂ ਦੇਣ ਦੀ ਸਰਕਾਰ ਪਾਸੋਂ ਮੰਗ ਕੀਤੀ ਗਈ । ਪੈਨਸ਼ਨਰਾਂ ਦੇ ਮੈਡੀਕਲ ਬਿਲਾਂ ਨੂੰ ਪਹਿਲ ਦੇ ਆਧਾਰ ਉੱਪਰ ਬਜ਼ਟ ਅਲਾਟ ਕੀਤੇ ਜਾਣ ਦੀ ਵੀ ਮੰਗ ਕੀਤੀ ਗਈ ।ਅਗਲੇ ਸਾਲ ਤੋਂ ਲੰਬੇ ਸਮੇਂ 'ਚ 75 ਸਾਲ ਤੋਂ ਘੱਟ ਉਮਰ ਵਾਲੇ ਪੈਨਸ਼ਨਰਾਂ ਨੂੰ ਏਰੀਅਰ ਦਾ ਬਕਾਇਆ ਥੌੜਾ ਥੌੜਾ ਕਰਕੇ ਦੇਣ ਦੀ ਨਿਖੇਧੀ ਕੀਤੀ ਗਈ । ਇਸ ਮੌਕੇ ਪ੍ਰਿੰਸੀਪਲ ਰਵਿੰਦਰ ਕੁਮਾਰ ਜਨਰਲ ਸਕੱਤਰ ਨੇ ਐਸੋਸ਼ੀਏਸ਼ਨ ਨਾਲ ਵੱਧ ਤੋਂ ਵੱਧ ਪੈਨਸ਼ਨਰਾਂ ਨੂੰ ਜੁੜਨ ਦੀ ਅਪੀਲ ਕੀਤੀ ।ਉਨ੍ਹਾਂ ਨੇ ਕਈ ਅਹਿਮ ਨਵੀਆਂ ਜਾਣਕਾਰੀਆਂ ਮੈਂਬਰਾਂ ਨਾਲ ਸਾਂਝੀਆਂ ਕੀਤੀਆਂ ।ਉਨ੍ਹਾਂ ਨੇ ਫੈਮਿਲੀ ਪੈਨਸ਼ਨਰਾਂ ਦੇ ਨੋਮੀਨੇਸ਼ਨ ਸਬੰਧੀ ਵਿਸਥਾਰ ਨਾਲ ਜਾਣਕਾਰੀ ਦਿੱਤੀ ।ਧਰਮਪਾਲ ਸਾਸਤਰੀ ਨੇ ਪੈਨਸ਼ਨਰਾਂ ਨਾਲ ਆਪਣੇ ਵਿਚਾਰ ਸਾਂਝੇ ਕਰਕੇ ਕਈ ਮੁਸ਼ਕਲਾਂ ਨੂੰ ਹੱਲ ਕਰਨ ਦਾ ਜ਼ਿਕਰ ਕੀਤਾ । ਸ੍ਰ. ਪਰਮਜੀਤ ਸਿੰਘ ਸੋਢੀ (ਪ੍ਰਧਾਨ) ਨੇ ਐਸੋਸ਼ੀਏਸ਼ਨ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ ।ਇਸ ਮੌਕੇ ਸੀਨੀਅਰ ਮੈਂਬਰ ਸ੍ਰੀ ਅਮਰਜੀਤ ਵਰਮਾ ਪ੍ਰਿੰਸੀਪਲ , ਮੇਜਰ ਰਣਜੀਤ ਸਿੰਘ ਸੰਧੂ , ਸ੍ਰ. ਬਲਜੀਤ ਸਿੰਘ ਖਹਿਰਾ , ਗੁਰਬਚਨ ਸਿੰਘ, ਮੇਜਰ ਸਿੰਘ , ਰਵਿੰਦਰ ਸਿੰਘ ਢੀਂਡਸਾ , ਦਰਸ਼ਨ ਸਿੰਘ ਮੋਹਲਗਵਾਰਾ, ਲਛਮਣ ਦਾਸ ਵਰਮਾ , ਵੇਦ ਪ੍ਰਕਾਸ਼ ਪੁਰੀ , ਗੁਰਦੀਪ ਸਿੰਘ ਮੋਤੀ ਬਾਗ , ਕੇਵਲ ਕ੍ਰਿਸ਼ਨ ਗੁਪਤਾ , ਅਸ਼ੋਕ ਕੁਮਾਰ ਗਰਗ , ਹਰਦਿਆਲ ਸਿੰਘ , ,ਲਾਲ ਚੰਦ , ਪੂਰਨ ਚੰਦ , ਸਤੀਸ਼ ਕੁਮਾਰ , ਗੁਰਬਖਸ਼ ਲਾਲ , ਪ੍ਰਾਣ ਗੁਪਤਾ , ਤੇਜਿੰਦਰ ਸਿੰਘ , ਧਰਮਪਾਲ ਸਾਸਤਰੀ , ਚਰਨ ਸਿੰਘ , ਕਰਮ ਚੰਦ , ਸ੍ਰੀਮਤੀ ਬਿਮਲਾ ਪੁਰੀ , ਰਕਸ਼ਾ ਝਾਂਜੀ , ਰਾਜ ਰਾਣੀ , ਰਾਜ ਗੁਪਤਾ ਅਤੇ ਹੋਰ ਬਹੁਤ ਸਾਰੇ ਪੈਨਸ਼ਨਰ ਸ਼ਾਮਿਲ ਸਨ ।






## ਜੰਗਲੀ ਅੱਗ ਕਾਰਨ ਸਕਾਮਿਸ਼ ਵਿਖੇ 14 ਜੂਨ ਨੂੰ ਹੋਣ ਵਾਲਾ ਨਗਰ ਕੀਰਤਨ ਮੁਲਤਵੀ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ




ਸਰੀ, 13 ਜੂਨ :ਵੈਨ ਕੂਵਰ ਨੇੜਲੇ ਸ਼ਹਿਰ ਸਕਾਮਿਸ਼ ਵਿਖੇ ਸਕਾਮਿਸ਼ ਸਿੱਖ ਸੋਸਾਇਟੀ ਵੱਲੋਂ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ 14 ਜੂਨ ਨੂੰ ਹੋਣ ਵਾਲਾ ਸਾਲਾਨਾ ਨਗਰ ਕੀਰਤਨ ਮੁਲਤਵੀ ਕਰ ਦਿੱਤਾ ਗਿਆ ਹੈ।

ਸੋਸਾਇਟੀ ਦੇ ਬੁਲਾਰੇ ਦਵਿੰਦਰ ਸਿੰਘ ਧਾਲੀਵਾਲ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਪਿਛਲੇ ਹਫਤੇ ਤੋਂ ਸਕਾਮਿਸ਼ ਦੇ ਨੇੜਲੇ ਜੰਗਲ ਵਿਚ ਅੱਗ ਲੱਗੀ ਹੋਣ ਕਾਰਨ ਅਤੇ ਪਬਲਿਕ ਸੁਰੱਖਿਆ ਨੂੰ ਮੁੱਖ ਰਖਦਿਆਂ ਸਾਲਾਨਾ ਨਗਰ ਕੀਰਤਨ ਫਿਲਹਾਲ ਮੁਲਤਵੀ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਹੈ ਕਿ ਜਦੋਂ ਇਸ ਅੱਗ ਉੱਪਰ ਕਾਬੂ ਪਾ ਲਿਆ ਗਿਆ ਅਤੇ ਸਿਟੀ ਵੱਲੋਂ ਪ੍ਰਵਾਨਗੀ ਮਿਲ ਗਈ ਤਾਂ ਨਗਰ ਕੀਰਤਨ ਲਈ ਨਵੀਂ ਤਾਰੀਖ਼ ਦਾ ਫੈਸਲਾ ਕੀਤਾ ਜਾਵੇਗਾ।

## ਪੈਂਡਿੰਗ ਡਰਾਈਵਿੰਗ ਲਾਇਸੰਸ/ਆਰ.ਸੀ. ਨਵਿਆਉਣ ਦੀ ਪ੍ਰਕਿਰਿਆ ਸ਼ੁਰੂ : ਵਿਧਾਇਕ ਸੇਖੋਂ

### ਵਿਧਾਇਕ ਗੁਰਦਿੱਤ ਸਿੰਘ ਨੇ ਵਿਧਾਨ ਸਭਾ ਸੈਸ਼ਨ ਦੌਰਾਨ ਉਠਾਇਆ ਸੀ ਮੁੱਦਾ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 13 ਜੂਨ : ਹਲਕਾ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹੇ ਦੇ ਲੋਕਾਂ ਨੂੰ ਆਪਣੇ ਵਾਹਨਾਂ ਦੇ ਕੰਮ ਸਬੰਧੀ ਆਰ.ਟੀ.ਏ. ਫਰੀਦਕੋਟ ਵਿਖੇ ਆ ਰਹੀਆਂ ਮੁਸ਼ਕਿਲਾਂ ਸਬੰਧੀ ਉਨ੍ਹਾਂ ਵੱਲੋਂ ਵਿਧਾਨ ਸਭਾ ਵਿੱਚ ਮੁੱਦਾ ਉਠਾਇਆ ਗਿਆ ਸੀ, ਜਿਸ 'ਤੇ ਕਾਰਵਾਈ ਕਰਦਿਆਂ ਹੁਣ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਦੇਖਦਿਆਂ ਬੈਕਲਾਗ ਅਤੇ ਆਰ.ਸੀ. ਸਬੰਧੀ ਨਵੀਆਂ ਹਦਾਇਤਾਂ ਜਾਰੀ ਕੀਤੀਆਂ ਹਨ। ਇਸ ਸਬੰਧੀ ਹੋਰ ਵਧੇਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਜਿਨ੍ਹਾਂ ਲਾਇਸੰਸਧਾਰੀਆਂ ਨੇ ਅਜੇ ਤੱਕ ਆਪਣੇ ਲਾਇਸੰਸ ਦੇ ਤਬਦੀਲੀ ਲਈ ਜ਼ਰੂਰੀ ਦਸਤਾਵੇਜ਼ ਜਮਾਂ ਨਹੀਂ ਕਰਵਾਏ, ਉਨ੍ਹਾਂ ਨੂੰ ਨਵਿਆਉਣ ਦੀ ਪ੍ਰਕਿਰਿਆ ਮੁੜ ਸ਼ੁਰੂ ਕੀਤੀ ਗਈ ਹੈ। ਇਸ ਦੇ ਲਈ ਹੁਣ ਉਨ੍ਹਾਂ ਨੂੰ ਡਰਾਈਵਿੰਗ ਲਾਇਸੰਸ ਨਵਿਆਉਣ ਲਈ ਜਿਹੜੇ ਦਸਤਾਵੇਜਾ ਦੀ ਜਰੂਰਤ ਹੈ, ਉਨ੍ਹਾਂ ਵਿੱਚ ਐਕਜ਼ਿਕਿਊਟਿਵ ਮੈਜਿਸਟਰੇਟ ਕੋਲੋਂ ਸਹੁੰ ਪੱਤਰ, ਜਿਸ ਵਿੱਚ ਲਿਖਿਆ ਹੋਵੇ ਕਿ "ਮੇਰਾ ਲਾਇਸੰਸ ਗੁਮ ਹੋ ਗਿਆ ਹੈ" ਜਾਂ ਲਾਇਸੰਸ ਨਾਲ ਸੰਬੰਧਤ ਹੋਰ ਵਜਾ, ਮੂਲ ਲਾਇਸੰਸ ਜਾਂ ਰਿਕਾਰਡ ਦੀ ਕੋਈ ਪੁਸ਼ਟੀ, ਜਿਵੇਂ ਕਿ ਪ੍ਰੀਖਿਆ ਪਾਸ ਕਰਨ ਦੀ ਪਰਚੀ, ਆਧਾਰ ਕਾਰਡ ਦੀ ਨਕਲ (ਫੋਟੋਕਾਪੀ), ਰਿਹਾਇਸ਼ ਸਬੰਧੀ ਸਬੂਤ, ਜਿਵੇਂ ਕਿ ਵਾਸੀਕਾ, ਬਿਜਲੀ ਬਿੱਲ ਆਦਿ, ਲਾਇਸੰਸ ਜਾਰੀ ਕਰਨ ਵਾਲੀ ਸੰਸਥਾ (ਐਸ.ਡੀ.ਐਮ./ਡੀ.ਟੀ.ਓ.) ਕੋਲੋਂ ਹਜ਼ਾਰੀ ਸਬੂਤ ਜਾਂ ਰਿਕਾਰਡ, ਜਿੱਥੋਂ ਲਾਇਸੰਸ ਜਾਰੀ ਹੋਇਆ ਸੀ। ਵਾਹਨ ਦੀ ਮਾਲਕੀ ਸਬੰਧੀ ਰਿਕਾਰਡ (ਜਿਵੇਂ ਆਰ.ਸੀ. ਦੀ ਨਕਲ ਜਾਂ ਇਨਸੁਰੈਂਸ ਪਾਲਿਸੀ), ਜੇ ਉਮੀਦਵਾਰ ਕੋਲ ਵਾਹਨ ਹੈ। ਤਿੰਨ ਪਾਸਪੋਰਟ ਸਾਈਜ਼ ਫੋਟੋਆਂ। ਉਨ੍ਹਾਂ ਅੱਗੇ ਦੱਸਿਆ ਕਿ ਜੇਕਰ ਨਿਰਧਾਰਿਤ ਸਮੇਂ ਤੱਕ ਦਸਤਾਵੇਜ਼ ਜਮਾਂ ਨਹੀਂ ਕਰਵਾਏ ਜਾਂਦੇ ਤਾਂ ਉਨ੍ਹਾਂ ਲਾਇਸੰਸਧਾਰੀਆਂ ਦੀ ਜਾਣਕਾਰੀ ਰਿਕਾਰਡ ਤੋਂ ਹਟਾ ਦਿੱਤੀ ਜਾਵੇਗੀ। ਇਸ ਦੇ ਨਾਲ ਹੀ ਜਿਸ ਵਿਅਕਤੀ ਦੇ ਨਾਮ 'ਤੇ ਕੰਮ ਹੋਣਾ ਹੈ, ਉਸ ਦੀ ਹਾਜ਼ਰੀ ਲਾਜ਼ਮੀ ਹੈ। ਉਨ੍ਹਾਂ ਕਿਹਾ ਕਿ ਆਖਰੀ ਮਿਆਦ ਤੋਂ ਬਾਅਦ ਕੋਈ ਵੀ ਅਰਜ਼ੀ ਕਬੂਲ ਨਹੀਂ ਕੀਤੀ ਜਾਵੇਗੀ। ਸ਼ਰਤਾਂ ਅਧੀਨ ਸਿਰਫ਼ ਉਹੀ ਲਾਇਸੰਸ ਨਵਾਏ ਜਾਣਗੇ ਜਿਨ੍ਹਾਂ ਦੀ ਉਚਿਤ ਜਾਂਚ ਹੋ ਚੁੱਕੀ ਹੋਵੇਗੀ। ਉਨ੍ਹਾਂ ਅੱਗੇ ਦੱਸਿਆ ਕਿ ਬਿਨਾਂ ਦਸਤਾਵੇਜ਼ਾਂ ਵਾਲੀਆਂ ਅਰਜ਼ੀਆਂ ਨੂੰ ਰੱਦ ਕਰ ਦਿੱਤਾ ਜਾਵੇਗਾ। ਵਿਧਾਇਕ ਸੇਖੋਂ ਨੇ ਸਮੂਹ ਜਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਜਿੰਨਾਂ ਦਾ ਆਪਣੇ ਵਹੀਕਲਾਂ ਦੀ ਰਜਿਸਟਰੇਸ਼ਨ ਜਾਂ ਆਰ.ਸੀ. ਨਾਲ ਸਬੰਧਤ ਕੰਮ ਰਹਿੰਦਾ ਹੈ, ਉਹ ਆਰ.ਟੀ.ਓ. ਦਫਤਰ ਫਰੀਦਕੋਟ ਨਾਲ ਸੰਪਰਕ ਕਰਕੇ ਤੁਰਤ ਕਰਵਾਉਣ।

## || ਇੱਕ ਯੁੱਕਤ ||



ਹਾੜ ਦੀ ਤਪਸ਼ ਨਾ ਹੁਣ ਸਹਾਰ ਹੋਵੇ।
ਦਿਨ ਪ੍ਰਤੀ ਦਿਨ ਹਾਲ ਬੇ ਹਾਲ ਹੋਵੇ।।

ਇਕੱਲਾ ਬੈਠਾ ਕੋਸੀ ਜਾਵਾਂ ਕੁਦਰਤ ਨੂੰ।
ਰੱਬਾ ਕਿਉਂ ਨਾ ਸਾਡੇ ਤੇ ਰਹਿਮ ਕਰੇਂ।।

ਕਾਲੇ ਬੱਦਲਾਂ ਨੂੰ ਕਿੱਥੇ ਲਕੋਈ ਬੈਠਾ।
ਜਿਨ੍ਹਾ ਦੀ ਝਲਕ ਨੂੰ ਹਾਂ ਤਰਸ ਰਹੇ।।

ਫੇਰ ਰੱਬ ਨੇ ਮੈਨੂੰ ਕੋਰਾ ਜਵਾਬ ਦਿੱਤਾ।
ਤੂੰ ਖੁੱਦ ਕੁਦਰਤ ਨਾਲ ਖਿਲਵਾੜ ਕਰੇਂ।।

ਪਹਾੜਾਂ ਦੇ ਸੀਨਿਆਂ ਨੂੰ ਕੁਰੇਦੀ ਜਾਂਵੇ।
ਲਗਾਤਾਰ ਤੂੰ ਜੰਗਲਾਂ ਨੂੰ ਨਸ਼ਟ ਕਰੇਂ।।

ਸਵੱਛ ਪੌਣ ਪਾਣੀ ਨੂੰ ਦੂਸ਼ਿਤ ਕਰੀ ਜਾਂਵੇ।
ਧਰਤ ਮਾਤਾ ਦਾ ਨਾ ਤੂੰ ਖਿਆਲ ਕਰੇਂ।।

ਰੱਬ ਨੇ ਅਖੀਰ ਸਮਝਾਈ ਇੱਕ ਯੁੱਕਤ।
ਵੱਧ ਤੋਂ ਵੱਧ ਲਗਾਓ ਤੁਸੀਂ ਧਰਤੀ ਤੇ ਰੁੱਖ।।

ਸੂਦ ਵਿਰਕ ਜੇ ਪਾਉਣਾ ਜੀਵਨ ਚ ਸੁੱਖ।
ਤਾਂ ਹਰ ਮਨੁੱਖ ਜਰੂਰ ਲਗਾਵੇ ਇੱਕ ਰੁੱਖ।।

ਵਰਲਡ ਪੰਜਾਬੀ ਟਾਈਮਜ਼ ਮਹਿੰਦਰ ਸੂਦ ਵਿਰਕ

## ਰਹਿ ਵੀ ਸਕਦੀਆਂ ਨੇ

ਇਕ ਮਿਆਨ 'ਚ ਦੋ ਤਲਵਾਰਾਂ ਰਹਿ ਵੀ ਸਕਦੀਆਂ ਨੇ।
ਅੱਖਾਂ ਦੇ ਵਿਚ ਦੋ ਤਸਵੀਰਾਂ ਲਹਿ ਵੀ ਸਕਦੀਆਂ ਨੇ।
ਉਚੀਆਂ-ਉਚੀਆਂ ਕੋਠੀਆਂ ਦੀ ਤੂੰ ਬੇਸ਼ਕ ਕਰ ਲੈ ਗੱਲ,
ਤੂਫ਼ਾਨਾਂ ਭੂਚਾਲਾਂ ਦੇ ਵਿਚ ਢਹਿ ਵੀ ਸਕਦੀਆਂ ਨੇ।

ਇਸ਼ਕ-ਹੁਸਨ ਵਿਚ ਅਕਸਰ ਏਦਾਂ ਹੋ ਹੀ ਜਾਂਦਾ ਹੈ,
ਬਿਜਲੀ ਨਾਲ ਬਿਜਲੀ ਦੀਆਂ ਤਾਰਾਂ ਖਹਿ ਵੀ ਸਕਦੀਆਂ ਨੇ।
ਤੇਰੀਆਂ ਯਾਦਾਂ ਵਾਲਾ ਇੱਕ ਭੁਲੇਖਾ ਪੈ ਜਾਵੇ,
ਤੇਜ਼ ਹਵਾਵਾਂ ਕੰਨਾਂ ਵਿਚ ਕੁਝ ਕਹਿ ਵੀ ਸਕਦੀਆਂ ਨੇ।

ਛੇਕ ਜਦੋਂ ਹੋ ਜਾਏ ਤਾਂ ਫਿਰ ਕਿਸ ਦਾ ਚਲਦਾ ਵੱਸ,
ਪਾਣੀ ਦੇ ਵਿਚ ਚਲਦੀਆਂ ਬੇੜੀਆਂ ਬਹਿ ਵੀ ਸਕਦੀਆਂ ਨੇ।
ਖ਼ੁਸ਼ਬੂ ਦਾ ਸਨਮਾਨ ਜਿੰਨ੍ਹਾਂ ਨੂੰ ਮੁੜ ਤੋਂ ਹਾਸਿਲ ਹੈ,
ਪਤਝੜ ਵਿੱਚ ਤਸ਼ੱਦਦ ਰੁੱਤਾਂ ਸਹਿ ਵੀ ਸਕਦੀਆਂ ਨੇ।
ਬੱਦਲਾਂ ਦੀ ਜੇ ਮੇਹਰਬਾਨੀ ਦੀ ਖ਼ੈਰਾਤ ਮਿਲੇ,
ਸੁੱਕੀਆਂ ਨਦੀਆਂ ਫੇਰ ਅਚਾਨਕ ਵਹਿ ਵੀ ਸਕਦੀਆਂ ਨੇ,
ਸਿਦਕ ਮਨੋਰਥ ਵਾਲੀ ਬਾਲਮ ਆਖ਼ਿਰ ਹੁੰਦੀ ਜਿੱਤ,
ਜੀਵਨ ਵਿਚ ਲੱਖਾਂ ਇੱਛਾਵਾਂ ਰਹਿ ਵੀ ਸਕਦੀਆਂ ਨੇ।

ਵਰਲਡ ਪੰਜਾਬੀ ਟਾਈਮਜ਼ ਬਲਵਿੰਦਰ 'ਬਾਲਮ' ਗੁਰਦਾਸਪੁਰ

## ਸਵਰਗ ਦਾ ਪਰਾਏਵਾਚੀ ਹੈ ਸ਼ਹਿਰ ਕਿਨੌਰ, ਹਿਮਾਚਲ

ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ 'ਬਾਲਮ' ਗੁਰਦਾਸਪੁਰ



ਸਵਰਗ ਦੇ ਪਰਾਏਵਾਚੀ ਹੈ ਹਿਮਾਚਲ ਪ੍ਰਦੇਸ਼ ਦਾ ਖ਼ੂਬਸੂਰਤ ਮਨਮੋਹਣਾ ਪਹਾੜੀ ਇਲਾਕੇ ਵਾਲਾ ਸ਼ਹਿਰ ਕਿਨੌਰ। ਚੰਡੀਗੜ੍ਹ ਤੋਂ ਸ਼ਿਮਲਾ ਅਤੇ ਸ਼ਿਮਲੇ ਤੋਂ ਕਿਨੌਰ ਜਾਇਆ ਜਾ ਸਕਦਾ ਹੈ। ਚੰਡੀਗੜ੍ਹ ਤੋਂ ਕਿਨੌਰ ਤਕ ਦਾ ਸਫ਼ਰ ਬਹੁਤ ਲੁਭਾਵਣਾ ਹੈ। ਪਹਾੜੀ ਦ੍ਰਿਸ਼ ਮਨ ਨੂੰ ਛੂਹ-ਛੂਹ ਜਾਂਦੇ ਹਨ ਚੰਡੀਗੜ੍ਹ ਤੋਂ ਕਾਲਿਕਾ ਅਤੇ ਕਾਲਿਕਾ ਤੋਂ ਪਹਾੜੀ ਇਲਾਕਾ ਸ਼ੁਰੂ ਹੋ ਜਾਂਦਾ ਹੈ। ਪਹਾੜਾਂ ਦੀ ਹਰਿਆਲੀ, ਰੁੱਖ, ਟੇਢੇ-ਮੇਢੇ, ਢਲਾਊ, ਚੜ੍ਹਾਊ ਰੋਮਾਂਟਿਕ ਰਸਤੇ ਦਿਲ ਨੂੰ ਮੋਹ ਮੋਹ ਜਾਂਦੇ ਹਨ। ਲੁਕਵੇਂ ਅਤੇ ਨਾਟਕੀ ਢੰਗ ਨਾਲ ਆਉਂਦੇ ਦ੍ਰਿਸ਼ ਚੰਗੇ ਲਗਦੇ ਹਨ। ਰਸਤੇ ਵਿਚ ਦਰਿਆ, ਝਰਨੇ, ਬਾਗ, ਹਰਿਆਵਲ, ਤਰਾਂ-ਤਰਾਂ ਦੇ ਫਲ-ਫੁਲ, ਪੰਛੀ, ਜਾਨਵਰ ਅਤੇ ਅਸਮਾਨ 'ਚ ਬਦਲਾਂ ਦੇ ਅਕ੍ਰਿਤੀਕਾਰੀ ਦ੍ਰਿਸ਼ ਸਵਰਗ ਦੇ ਕੋਲ ਕੋਲ ਲੈ ਜਾਂਦੇ ਹਨ। ਕਵਿਤਾ-ਕਹਾਣੀਆਂ ਵਰਗੇ ਦ੍ਰਿਸ਼, ਜਿਵੇਂ ਕੁਦਰਤ ਨੇ ਕੋਈ ਖ਼ੂਬਸੂਰਤ ਕਵਿਤਾ ਲਿਖ ਦਿੱਤੀ ਹੋਵੇ। ਸੁੰਦਰ ਕੁਦਰਤ ਤੇ ਸਮੇਂ ਵਿਚ ਕੁਦਰਤ ਧਰਤੀ 'ਤੇ ਆਪਣੇ ਮੰਗਲਮਈ ਹਸਤਾਖਸ਼ਰ ਕਰਦੀ ਨਜ਼ਰ ਆਉਂਦੀ ਹੈ। ਕੁਦਰਤ ਦੀ ਸ਼ਿਲਪਕ ਕਲਾਕਾਰੀ ਕਿਸੇ ਸ਼ਿਸਟਤਾ ਨੂੰ ਜਨਮ ਦਿੰਦੀ ਨਜ਼ਰ ਆਉਂਦੀ ਹੈ। ਹਿਮਾਚਲ, ਪ੍ਰੀਯੇ ਦਰਸ਼ਨ ਦਾ ਅਭਿਲਾਸ਼ੀ ਹੈ। ਅਗਰ ਅਚਾਨਕ ਬਾਰਿਸ਼ ਆ ਜਾਵੇ ਤਾਂ ਕੁਦਰਤ ਦੀ ਗੋਦ ਵਿਚ ਲਬਾਲਬ ਆਤਮ ਮੁਗਧਤਾ ਉਮੜ ਆਉਂਦੀ ਹੈ। ਮੌਸਮ ਜਿਵੇਂ ਨਿਮੰਤਰਨ ਦੇ ਰਿਹਾ ਹੋਵੇ ਤੀਰਵ ਇੱਛਾ ਦੀ ਹੋਂਦ ਨੂੰ। ਕਲੋਲ ਕਰਦੇ ਪੰਛੀਆਂ ਦੇ ਝੁੰਡ, ਕਈ ਤਰ੍ਹਾਂ ਦੇ ਆਕਾਰ ਬਣਾਦੇ ਹੋਏ ਲੋਕਿਕਤਾ ਵਿਚ ਸ੍ਰੇਸ਼ਟਤਾ ਦੀ ਹੋਂਦ ਪੈਦਾ ਕਰਦੇ ਹਨ। ਉਜਸਵੀ ਤੇਜ ਹਵਾਵਾਂ ਦੇ ਅਧਿਆਏ ਜਦ ਖੁਲ੍ਹਦੇਹਨ ਤਾਂ ਇਕਾਂਤ ਵਿਚ ਸਰਸਰਾਹਟ ਦੀਆਂ ਝਾਂਜਰਾਂ ਦਾ ਸ਼ੋਰ ਮਜ਼ਾ ਦਿੰਦੇ ਤੇ ਭਾਰਤੀਏ ਹਿਮਾਲਿਆ ਵਿਚ ਉਤਰੀ ਭਾਰਤ ਦੇ ਹਿਮਾਚਲ ਪ੍ਰਦੇਸ਼ ਦੇ ਕਿਨੌਰ ਭਾਰਤੀਏ ਹਿਮਾਲਿਆ ਵਿਚ ਉਤਰੀ ਭਾਰਤ ਦੇ ਹਿਮਾਚਲ ਪ੍ਰਦੇਸ਼ ਦੇ ਕਿਨੌਰ ਜ਼ਿਲ੍ਹੇਵਿਚ ਰਿਕਾਂਗ ਪੀਉ ਦੇ ਉਪਰ ਘਾਟੀ ਹੈ, ਕਿਨੌਰ ਲੋਕਾਂ ਦੁਆਰਾ ਬਸਾਇਆ ਗਿਆ ਅਤੇ ਅਪਣੇ ਸੇਬਾਂ ਦੇ ਬਾਗ਼ਾਂ ਲਈ ਵਿਸ਼ਵ ਪ੍ਰਸਿੱਧ ਹੈ। ਸੇਬ ਇਸ ਇਲਾਕੇ ਦੇ ਲਈ ਪ੍ਰਮੁੱਖ ਨਕਦੀ ਫ਼ਸਲ ਹੈ। ਸਥਾਨਕ ਕਿਨੌਰ ਹਿੰਦੂ ਅਤੇ ਬੁੱਧ ਧਰਮ ਦੇ ਅਨੁਯਾਈਆਂ ਦਾ ਸਥਾਨ ਵੀ ਕਿਹਾ ਜਾ ਸਕਦਾ ਹੈ। ਇੱਥੇ ਕਈ ਮੰਦਿਰ ਅਤੇ ਬੁੱਧ ਧਰਮ ਦੇ ਮੰਦਿਰ ਸੁਸ਼ੋਭਿਤ ਹਨ।
ਕਿਨੌਰ ਭਾਰਤ ਉਤਰ ਵਿਚ ਹਿਮਾਚਲ ਪ੍ਰਦੇਸ਼ ਰਾਜ ਦੇ ਬਾਰ੍ਹਾਂ ਪ੍ਰਸ਼ਾਸਨਿਕ ਜ਼ਿਲ੍ਹਿਹਆਂ ਵਿਚੋਂ ਇਕ ਹੈ। ਜ਼ਿਲ੍ਹੇ ਨੂੰ ਤਿੰਲ ਪ੍ਰਸ਼ਾਸਨਿਕ ਇਲਾਕਿਆਂ ਪੂਹ, ਕਲਪਾਂ ਅਤੇ ਨਿਚਾਰ, ਭਾਬਨਗਰ ਵਿਚ ਵੰਡਿਆ ਹੋਇਆ ਹੈ। ਇਸ ਜ਼ਿਲ੍ਹੇ ਵਿਚ ਕਿਨੌਰ ਕੈਲਾਸ਼ ਪਰਬਤਦੀ ਚੋਟੀ ਪਾਈ ਜਾਂਦੀ ਹੈ।



ਲਾਹੌਲ ਅਤੇ ਸਪੀਤੀ ਤੋਂ ਬਾਅਦ ਇਹ ਸੁੰਦਰ ਜਗ੍ਹਾ ਹੈ। ਗਰਮੀਆਂ ਦੇ ਦਿਨਾਂ ਵਿਚ ਅਪ੍ਰੈਲ ਤੋਂ ਜੂਨ ਤਕ ਘੁੰਮਣ ਲਈ ਇਹ ਇਕ ਸ਼ਾਨਦਾਰ ਯਾਦਗਾਰ ਆਕਰਸ਼ਕ ਮਨਮੋਹਣਾ ਸਥਾਨ ਹੈ। ਹਾਲਾਂਕਿ ਅਗਰ ਆਪ ਕਿਨੌਰ ਦੇ ਪ੍ਰਸਿੱਧ ਸੇਬਾਂ ਉਪਰ ਦਾਵਤ ਦੇਣਾ ਚਾਹੁੰਦੇ ਹੋ ਤਾਂ ਕਟਾਈ ਦੇ ਸਮੇਂ ਸੇਬਾਂ ਦੀ ਸੁੰਦਰ ਭਰਮਾਰਹੁੰਦੀ ਹੈ। ਇਸ ਲਈ ਤੁਸੀਂ ਸਿਤੰਬਰ ਤੇ ਅਕਤੂਬਰ, ਨਵੰਬਰ ਮਹੀਨੇ ਵਿਚ ਜ਼ਰੂਰ ਏਧਰ ਆਉ।
ਭਾਰਤੀਏ ਹਿਮਾਲਿਆ ਵਿਚ ਉਤਰੀ ਭਾਰਤ ਦੇ ਹਿਮਾਚਲ ਪ੍ਰਦੇਸ਼ ਦੇ ਕਿਨੌਰ ਜ਼ਿਲ੍ਹੇ ਵਿਚ ਰਿਕਾਂਗ ਪੀਉ ਦੇ ਉਪੱਰ ਪਾਰਟੀ ਹੈ, ਕਿਨੌਰ ਲੋਕਾਂ ਦੁਆਰਾ ਬਸਾਇਆ ਗਿਆ ਅਤੇ ਅਪਣੇ ਸੇਬਾਂ ਦੇ ਬਾਗ਼ਾਂ ਲਈ ਵਿਸ਼ਵ ਪ੍ਰਸਿਧੱ ਹੈ, ਸੇਬ ਇਸ ਇਲਾਕੇ ਦੇ ਲਈ ਪ੍ਰਮੁੱਖ ਨਕਦੀ ਫਸਲ ਹੈ। ਸਥਾਨਕ ਕਿਨੌਰ ਹਿੰਦੂ ਅਤੇ ਬੁੱਧ ਧਰਮ ਦੇ ਅਨੁਯਾਈਆਂ ਦਾ ਸਥਾਨ ਵੀ ਕਿਹਾ ਜਾ ਸਕਦਾ ਹੈ। ਇੱਥੇ ਕਈ ਮੰਦਿਰ ਅਤੇ ਬੁੱਧ ਧਰਮ ਦੇ ਮੰਦਿਰ ਸੁਸ਼ੋਭਿਤ ਹਨ।
ਕਿਨੌਰ ਭਾਰਤ ਵਿਚ ਹਿਮਾਚਲ ਪ੍ਰਦੇਸ਼ ਰਾਜ ਦੇ ਬਾਰਾਂ ਪ੍ਰਸ਼ਾਸਨਿਕ ਜ਼ਿਲ੍ਹਿਆਂ ਵਿਚੋਂ ਇਕ ਹੈ। ਜ਼ਿਲ੍ਹੇ ਨੂੰ ਤਿੰਨ ਪ੍ਰਸ਼ਾਸਨਿਕ ਇਲਾਕਿਆ ਪੂਹ, ਕਲਪਾ ਅਤੇ ਨਿਚਾਰ, ਭਾਬਾਨਗਰ ਵਿਚ ਵੰਡਿਆ ਹੋਇਆ ਹੈ। ਇਸ ਜ਼ਿਲ੍ਹੇ ਵਿਚ ਕਿਨੌਰ ਕੈਲਾਸ਼ ਪਰਬਤ ਦੀ ਚੋਟੀ ਪਾਈ ਜਾਂਦੀ ਹੈ।
ਲਾਹੌਰ ਅਤੇ ਸਪੀਤੀ ਤੋਂ ਬਾਅਦ ਇਹ ਸੁੰਦਰ ਜਗ੍ਹਾ ਹੈ। ਗਰਮੀਆਂ ਦੇ ਦਿਨਾਂ ਵਿਚ ਅਪ੍ਰੈਲ ਤੋ ਜੂਨ ਤਕ ਘੁੰਮਣ ਲਈ ਇਕ ਸ਼ਾਨਦਾਰ ਯਾਦਗਾਰ ਆਦਰਸ਼ਕ ਮਨਮੋਹਦਾ ਸਥਾਨ ਹੈ। ਹਾਲਾਂ ਕਿ ਅਗਰ ਆਪ ਕਿਨੌਰ ਦੇ ਪ੍ਰਸਿੱਧ ਸੇਬਾਂ ਉਪੱਰ ਦਾਵਤ ਦੇਣਾ ਚਾਹੁੰਦੇ ਹੋ। ਤਾਂ ਕਟਾਈ ਦੇ ਸਮੇਂ ਸੇਬਾਂ ਦੀ ਸੁੰਦਰ ਭਰਮਾਰ ਹੁੰਦੀ ਹੈ ਇਸ ਲਈ ਤੁਸੀ ਸਿਤੰਬਰ ਤੋਂ ਅਕਤੂਬਰ, ਨਵੰਬਰ ਮਹੀਨੇ ਵਿਚ ਜ਼ਰੂਰ ਏਧਰ ਆਉ।
ਇਕ ਅਕਤੂਬਰ ਮਰਮਸਪਰਸ਼ੀ ਸਥਾਨ ਹੈ ਕਲਪਾ, ਕਿਨੌਰ ਜ਼ਿਲ੍ਹੇ ਦਾ ਛੋਟਾ ਜਿਹਾ ਕਸਬਾ ਹੈ। ਇਹ ਸਤਲੁਜ ਲਈ ਉਤੇ ਵੱਸਿਆ ਹੋਇਆ ਸੁੰਦਰ ਨਗਰ ਹੈ। ਇਹ ਇਕ ਆਦਰਸ਼ ਸੁੰਦਰ ਅਵਕਾਂਸ਼ ਸਥਾਨ ਬਣਾਉਂਦਾ ਹੈ। ਇਸ ਸਥਾਨ ਵੱਲ ਤੁਸੀਂ ਹੇਠਲੀ ਦੁਨੀਂਆ ਨੂੰ ਛੱਡ ਕੇ ਬਦਲਾਂ ਅਤੇ ਸੁਪਨਿਆਂ ਦੀ ਦੁਨੀਆਂ ਵਿਚ ਪ੍ਰਵੇਸ਼ ਕਰਨ ਲਈ ਕਾਫ਼ੀ ਉਚਾਈ ਤੇ ਪਹੁੰਚ ਚੁਕੇ ਹੁੰਦੇ ਹੋ।
ਕਲਪਾ ਕਿਨੌਰ ਇਕ ਪਰਬਤਾਂ ਦੀ ਸ੍ਰੇਣੀ ਦਾ ਜੰਨਤ ਹੈ। ਸਵਰਗ ਦੀ ਪੌੜੀ ਦਾ ਆਗਾਜ਼ ਹੁੰਦੀ ਹੈ, ਕਿਨੌਰ ਦੀ ਯਾਤਰਾ ਦਾ ਮਜ਼ਾ। ਇਹ ਸਥਾਨ ਸਜਦਾਗਾਹ ਤੋਂ ਘੱਟ ਨਹੀਂ। ਚਰਨਿਆਂ ਅਤੇ ਦਰਿਆਵਾਂ ਦੀਟਾਂ ਲੈਯਾਤਮਕ ਧਵਨੀਆਂ ਅੰਤ ਰੰਗ ਵਿਚ ਆਤਮਕ ਅਲੋਕਿਕਤਾ ਭਰਦੀਆਂ ਹੋਈਆਂ ਅਧਿਆਤਮਿਕਤਾ ਤੇ ਪਰਿਪੂਰਨ ਹੋ ਜਾਂਦੀਆਂ ਹਨ।
ਜਦ ਤੁਸੀ ਕਦੀ ਇਸ ਸਥਾਨ ਤੇ ਪਰੀਚਿਤ ਹੋਵੇਗੇ ਤਾਂ ਤ੍ਰਿਪਤੀ ਦਾ ਅਹਿਸਾਸ ਆਤਮਿਕ ਯੋਗਦਾਨ ਪਾਵੇਗਾ। ਸੁੰਦਰ ਸਥਾਨ ਹੈ ਸਵਰਗ ਦਾ ਪਰਾਏਵਾਰੀ ਕਲਪਾ-ਕਿਨੌਰ।

## ਠੋਕਰਾਂ ਨੇ ਸਬਕ ਸਿਖਾਇਆ

ਹੁੰਦਾ ਨਾ ਕੋਈ ਪੜ੍ਹਿਆ-ਪੜ੍ਹਾਇਆ।
ਠੋਕਰਾਂ ਸਭ ਨੂੰ ਸਬਕ ਸਿਖਾਇਆ।

ਹੱਥੀਂ ਸਭ ਕੁਝ ਕਰਨਾ ਪੈਂਦਾ
ਮਿਲਦਾ ਨਾ ਸਭ ਕੀਤਾ-ਕਰਾਇਆ।

ਘਾਲ ਘਾਲਣੀ ਪਵੇਗੀ ਸਾਨੂੰ
ਕਿਤੇ ਨਹੀਂ ਹੈ ਬਣਿਆ-ਬਣਾਇਆ।

ਐਵੇਂ ਹੀ ਨਹੀਂ ਕੁਝ ਵੀ ਮਿਲਦਾ
ਘੱਟ-ਵੱਧ ਸਭ ਨੇ ਹੋਵੇ ਗਵਾਇਆ।

ਬੀਤੇ ਜ਼ਿੰਦਗੀ ਪਲ-ਪਲ ਮੇਰੀ
ਕੀ ਮੈਂ ਖੱਟਿਆ ਕੀ ਮੈਂ ਪਾਇਆ।

ਓਹੀ ਤੇ ਓਨਾਂ ਹੈ ਮਿਲਦਾ
ਜੋ ਕਰਮਾਂ ਵਿੱਚ ਲਿਖ ਲੈ ਆਇਆ।

ਲਿਖਿਆ ਮੈਂ ਜੋ ਇਸ ਕਵਿਤਾ ਵਿੱਚ
ਓਸ ਖ਼ੁਦਾ ਨੇ ਹੈ ਲਿਖਵਾਇਆ।


ਭਵਸਾਗਰ ਉਹ ਪਾਰ ਕਰੇਂਦੇ
ਜਿਨ੍ਹਾਂ ਓਹਦਾ ਨਾਮ ਧਿਆਇਆ।

'ਨਵ ਸੰਗੀਤ' ਨੂੰ ਮਾਣ ਇੱਕੋ ਤੇ
ਜੀਹਨੇ ਏਨਾਂ ਮਾਣ ਦਿਵਾਇਆ।




ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

## 'ਕੁੰਢੀਆਂ ਦੇ ਸਿੰਗ ਫਸਗੇ ਕੋਈ ਨਿਤਰੂ ਵੜੇਵੇਂ ਖਾਣੀ' : ਲੁਧਿਆਣਾ ਚੋਣ ਪੱਛਮੀ ਨਤੀਜਾ



ਵਰਲਡ ਪੰਜਾਬੀ ਟਾਈਮਜ਼
ਉਜਾਗਰ ਸਿੰਘ

ਲੁਧਿਆਣਾ ਪੱਛਮੀ ਵਿਧਾਨ ਸਭਾ ਦੀ ਉਪ ਚੋਣ ਜਿੱਤਣ ਲਈ ਤਿੰਨੋ ਪ੍ਰਮੁੱਖ ਪਾਰਟੀਆਂ ਆਮ ਆਦਮੀ ਪਾਰਟੀ, ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ ਲਟਾਪੀਂਘ ਹੋਈਆਂ ਪਈਆਂ ਹਨ, ਕਿਉਂਕਿ ਇਸ ਚੋਣ ਨੂੰ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਟ੍ਰੇਲਰ ਸਮਝਿਆ ਜਾ ਰਿਹਾ ਹੈ। ਆਮ ਆਦਮੀ ਪਾਰਟੀ ਨੇ ਪਹਿਲਾਂ ਹੀ ਦੋ ਉਪ ਵਿਧਾਨ ਸਭਾ ਚੋਣਾਂ ਗਿਦੜਬਾਹਾ ਅਤੇ ਜਲੰਧਰ ਪੱਛਮੀ ਵਕਾਰ ਦਾ ਸਵਾਲ ਬਣਾਕੇ ਜਿੱਤੀਆਂ ਸਨ। ਉਹ ਇਹ ਚੋਣ ਵੀ ਉਸੇ ਤਰ੍ਹਾਂ ਜਿੱਤਣਾ ਚਾਹੁੰਦੀ ਹੈ। ਸ਼੍ਰੋਮਣੀ ਅਕਾਲੀ ਦਲ ਆਪਣੀ ਡਿਗੀ ਹੋਈ ਸ਼ਾਖ ਨੂੰ ਮੁੜ ਸਥਾਪਤ ਕਰਨ ਦੀ ਜਦੋਜਹਿਦ ਕਰ ਰਿਹਾ ਹੈ। ਸੁਖਬੀਰ ਸਿੰਘ ਬਾਦਲ ਅਤੇ ਹਰਸਿਮਰਤ ਕੌਰ ਬਾਦਲ ਵੀ ਲੁਧਿਆਣਾ ਗੇੜੇ ਤੇ ਗੇੜਾ ਮਾਰ ਰਹੇ ਹਨ। ਸਖ਼ਤ ਗਰਮੀ ਦੇ ਸਮੇਂ ਇਹ ਸਾਰੀਆਂ ਪਾਰਟੀਆਂ ਅੱਡੀ ਚੋਟੀ ਦਾ ਜ਼ੋਰ ਲਗਾ ਰਹੀਆਂ ਹਨ। ਸਰਕਾਰ ਚਲਾ ਰਹੀ ਆਮ ਆਦਮੀ ਪਾਰਟੀ ਹਮੇਸ਼ਾ ਦੀ ਤਰ੍ਹਾਂ ਸਰਕਾਰ ਹੈਡ ਕੁਆਰਟਰ ਚੰਡੀਗੜ੍ਹ ਦੀ ਥਾਂ ਲੁਧਿਆਣਾ ਨੂੰ ਬਣਾਈ ਬੈਠੀ ਹੈ, ਇਥੋਂ ਤੱਕ ਕਿ ਦਿੱਲੀ ਤੋਂ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮਨੀਸ਼ ਸ਼ਿਸ਼ੋਦੀਆ ਲੁਧਿਆਣੇ ਹੀ ਡੇਰਾ ਲਾਈ ਬੈਠੇ ਹਨ। ਇਉਂ ਲੱਗ ਰਿਹਾ ਹੈ ਕਿ ਜਿਵੇਂ ਸਰਕਾਰ ਦੀ ਚੋਣ ਮੁਹਿੰਮ ਉਹ ਹੀ ਚਲਾ ਰਹੇ ਹੋਣ। ਇਸੇ ਤਰ੍ਹਾਂ ਭਾਵੇਂ ਕਾਂਗਰਸ ਪਾਰਟੀ ਦੋ ਧੜਿਆਂ ਵਿੱਚ ਵੰਡੀ ਹੋਈ ਹੈ, ਪ੍ਰੰਤੂ ਉਹ ਵੀ ਇਸ ਚੋਣ ਨੂੰ ਆਪਣੀ ਮੁੱਛ ਦਾ ਵਾਲ ਬਣਾਈ ਬੈਠੇ ਹਨ, ਕਿਉਂਕਿ ਭਾਰਤ ਭੂਸ਼ਣ ਆਸ਼ੂ ਦਾ ਹਾਰਨਾ ਰਾਜਾ ਵੜਿੰਗ ਦੀਆਂ ਜੜ੍ਹਾਂ ਵਿੱਚ ਤੇਲ ਦੇ ਸਕਦਾ ਹੈ। ਉਨ੍ਹਾਂ ਦਾ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਧੜੱਲੇਦਾਰ ਮਜ਼ਬੂਤ ਉਮੀਦਵਾਰ ਹੈ, ਉਸਦਾ ਆਪਣਾ ਨਿੱਜੀ ਅਸਰ ਰਸੂਖ਼ ਵੀ ਹੈ। ਅਮਰਿੰਦਰ ਸਿੰਘ ਰਾਜਾ ਵੜਿੰਗ, ਚਰਨਜੀਤ ਸਿੰਘ ਚੰਨੀ ਸਾਬਕਾ ਮੁੱਖ ਮੰਤਰੀ, ਰਾਣਾ ਗੁਰਜੀਤ ਸਿੰਘ ਅਤੇ ਪ੍ਰਗਟ ਸਿੰਘ ਚੋਣ ਮੁਹਿੰਮ ਨੂੰ ਭਖਾ ਰਹੇ ਹਨ। ਲੁਧਿਆਣਾ ਪੱਛਮੀ ਵਿਧਾਨ ਸਭਾ ਦੀ ਉਪ ਚੋਣ ਸਾਰੀਆਂ ਪਾਰਟੀਆਂ ਲਈ ਵਕਾਰ ਦਾ ਸਵਾਲ ਬਣੀ ਹੋਈ ਹੈ। ਇਹ ਚੋਣ ਆਮ ਆਦਮੀ ਪਾਰਟੀ ਦੇ ਵਿਧਾਨਕਾਰ ਗੁਰਪ੍ਰੀਤ ਸਿੰਘ ਬਸੀ ਗੋਗੀ ਦੀ 11 ਜਨਵਰੀ 2025 ਹੋਈ ਬੇਵਕਤੀ ਮੌਤ ਦੇ ਕਾਰਨ ਖਾਲ੍ਹੀ ਹੋਈ ਸੀਟ 'ਤੇ 19 ਜੂਨ 2025 ਨੂੰ ਹੋਣ ਜਾ ਰਹੀ ਹੈ। ਗੁਰਪ੍ਰੀਤ ਬਸੀ ਗੋਗੀ ਸਾਰੀ ਉਮਰ ਪੰਜਾਬ ਕਾਂਗਰਸ ਵਿੱਚ ਸਰਗਰਮੀ ਨਾਲ ਯੋਗਦਾਨ ਪਾਉਂਦਾ ਰਿਹਾ ਸੀ। ਉਹ 2014 ਤੋਂ 2019 ਤੱਕ ਜ਼ਿਲ੍ਹਾ ਕਾਂਗਰਸ ਕਮੇਟੀ ਸ਼ਹਿਰੀ ਲੁਧਿਆਣਾ ਦਾ ਪ੍ਰਧਾਨ ਰਿਹਾ ਸੀ। ਉਹ ਦੋ ਵਾਰ ਲਗਾਤਾਰ ਨਗਰ ਨਿਗਮ ਲੁਧਿਆਣਾ ਦਾ ਕਾਊਂਸਲਰ ਰਿਹਾ ਸੀ। ਕਾਂਗਰਸ ਦੀ ਸਰਕਾਰ ਸਮੇਂ ਉਹ ਪੰਜਾਬ ਸਮਾਲ ਸਕੇਲ ਇੰਡਸਟਰੀਜ਼ ਐਕਸਪੋਰਟ ਕਾਰਪੋਰੇਸ਼ਨ ਦਾ ਚੇਅਰਮੈਨ ਵੀ ਰਿਹਾ ਸੀ। 2022 ਦੀ ਵਿਧਾਨ ਸਭਾ ਦੀ ਚੋਣ ਤੋਂ ਪਹਿਲਾਂ ਉਹ ਕਾਂਗਰਸ ਪਾਰਟੀ ਵਿੱਚੋਂ ਅਸਤੀਫ਼ਾ ਦੇ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਿਆ ਸੀ ਤੇ ਵਿਧਾਨ ਸਭਾ ਦੀ ਚੋਣ ਵਿੱਚ ਉਹ ਕਾਂਗਰਸ ਪਾਰਟੀ ਦੇ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਨੂੰ ਹਰਾਕੇ ਲੁਧਿਆਣਾ ਪੱਛਮੀ ਹਲਕੇ ਤੋਂ ਵਿਧਾਇਕ ਬਣ ਗਿਆ ਸੀ। ਉਸ ਸਮੇਂ ਲੁਧਿਆਣਾ ਪੱਛਮੀ ਵਿਧਾਨ ਸਭਾ ਦੀਆਂ ਕੁਲ 1 ਲੱਖ 82 ਹਜ਼ਾਰ 545 ਵੋਟਾਂ ਵਿੱਚੋਂ 1 ਲੱਖ 17 ਹਜ਼ਾਰ 360 ਵੋਟਾਂ ਪੋਲ ਹੋਈਆਂ ਸਨ, ਜੋ 64.29 ਫ਼ੀ ਸਦੀ ਬਣਦੀਆਂ ਹਨ, ਜਿਨ੍ਹਾਂ ਵਿੱਚੋਂ ਗੁਰਪ੍ਰੀਤ ਬਸੀ ਗੋਗੀ ਨੂੰ 40 ਹਜ਼ਾਰ 443 ਵੋਟਾਂ ਅਰਥਾਤ 34.80 ਫ਼ੀ ਸਦੀ ਪੋਲ ਹੋਈਆਂ ਸਨ। ਭਾਵ ਪੋਲ ਹੋਈਆਂ ਵੋਟਾਂ ਵਿੱਚੋਂ 58 ਫ਼ੀ ਸਦੀ ਵੋਟਾਂ ਨਾਲ ਜਿੱਤ ਪ੍ਰਾਪਤ ਕੀਤੀ ਸੀ। ਉਸਨੇ ਆਪਣੇ ਵਿਰੋਧੀ ਭਾਰਤ ਭੂਸ਼ਣ ਆਸ਼ੂ ਨੂੰ 7512 ਵੋਟਾਂ ਦੇ ਫ਼ਰਕ ਨਾਲ ਹਰਾਇਆ ਸੀ। ਕਾਂਗਰਸ ਪਾਰਟੀ ਦੇ ਉਮੀਦਵਾਰ ਅਤੇ ਸੀਨੀਅਰ ਮੰਤਰੀ ਭਾਰਤ ਭੂਸ਼ਨ ਆਸ਼ੂ ਨੂੰ 32 ਹਜ਼ਾਰ 931 ਵੋਟਾਂ 28.30 ਫ਼ੀ ਸਦੀ, ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਬਿਕਰਮ ਸਿੰਘ ਸਿੱਧੂ ਨੂੰ 28 ਹਜ਼ਾਰ 107 ਵੋਟਾਂ 24.20 ਫ਼ੀ ਸਦੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮਹੇਸ਼ਇੰਦਰ ਸਿੰਘ ਗਰੇਵਾਲ ਨੂੰ ਸਿਰਫ਼ 10 ਹਜ਼ਾਰ 72 ਵੋਟਾਂ 8.70 ਫ਼ੀ ਸਦੀ ਪਈਆਂ ਸਨ।
ਗੁਰਪ੍ਰੀਤ ਬਸੀ ਗੋਗੀ ਨੂੰ ਦਬੰਗ ਸਿਆਸਤਦਾਨ ਕਿਹਾ ਜਾਂਦਾ ਸੀ, ਜਿਸਨੇ ਆਪਣੀ ਪਾਰਟੀ ਦੇ ਬੁੱਢਾ ਦਰਿਆ ਨੂੰ ਸਾਫ਼ ਕਰਨ ਲਈ ਰੱਖੇ ਗਏ ਨੀਂਹ ਪੱਥਰ ਨੂੰ ਹਥੌੜੇ ਨਾਲ ਖੁਦ ਤੋੜਕੇ ਆਮ ਆਦਮੀ ਪਾਰਟੀ ਦੀ ਪੋਜ਼ੀਸ਼ਨ ਨੂੰ ਧੱਕਾ ਲਾਇਆ ਸੀ, ਕਿਉਂਕਿ ਆਮ ਆਦਮੀ ਪਾਰਟੀ ਦੀ ਸਰਕਾਰ ਬੁੱਢਾ ਦਰਿਆ ਦੇ ਪਾਣੀ ਨੂੰ ਸਾਫ਼ ਕਰਨ ਵਿੱਚ ਸਫ਼ਲ ਨਹੀਂ ਹੋਈ ਸੀ। ਗੁਰਪ੍ਰੀਤ ਸਿੰਘ ਬਸੀ ਗੋਗੀ ਆਪਣੀ ਪਾਰਟੀ ਅਤੇ ਸਰਕਾਰ ਨਾਲ ਬੁੱਢੇ ਨਾਲੇ ਦੀ ਸਫ਼ਾਈ ਨਾ ਹੋਣ ਕਰਕੇ ਨਰਾਜ਼ ਸੀ। ਥੋੜ੍ਹਾ ਸਮਾਂ ਪਹਿਲਾਂ ਲੁਧਿਆਣਾ ਨਗਰ ਨਿਗਮ ਦੀ ਹੋਈ ਚੋਣ ਵਿੱਚ ਉਸਦੀ ਪਤਨੀ ਡਾ.ਸੁਖਚੈਨ ਕੌਰ ਗੋਗੀ ਹਾਰ ਗਈ ਸੀ। ਗੁਰਪ੍ਰੀਤ ਬਸੀ ਗੋਗੀ ਨੂੰ ਸ਼ੱਕ ਸੀ ਕਿ ਪਾਰਟੀ ਦੀ ਆਪਸੀ ਫੁੱਟ ਕਰਕੇ ਉਸਦੀ ਪਤਨੀ ਨੂੰ ਨਗਰ ਨਿਗਮ ਦੀ ਮੇਅਰ ਬਣਨ ਦੇ ਰਸਤੇ ਨੂੰ ਰੋਕਣ ਲਈ ਹਰਾਇਆ ਗਿਆ ਸੀ। ਸਰਕਾਰ ਵੀ ਗੁਰਪ੍ਰੀਤ ਬਸੀ ਗੋਗੀ ਤੋਂ ਨੀਂਹ ਪੱਥਰ ਤੋੜਨ ਕਰਕੇ ਔਖੀ ਸੀ। ਜੇਕਰ ਗੁਰਪ੍ਰੀਤ ਬਸੀ ਗੋਗੀ ਦੀ ਪਤਨੀ ਡਾ.ਸੁਖਚੈਨ ਕੌਰ ਨੂੰ ਟਿਕਟ ਦਿੱਤੀ ਜਾਂਦੀ ਤਾਂ ਉਸਨੂੰ ਹਮਦਰਦੀ ਵੋਟ ਮਿਲਣ ਦੀ ਸੰਭਾਵਨਾ ਸੀ, ਪ੍ਰੰਤੂ ਸਰਕਾਰ ਨੇ ਉਸਨੂੰ ਪੇਡਾ ਦੀ ਚੇਅਰਪਰਸਨ ਬਣਾਕੇ ਸੰਤੁਸ਼ਟ ਕਰਨ ਦੀ ਕੋਸ਼ਿਸ਼ ਕੀਤੀ ਹੈ।
ਲੁਧਿਆਣਾ ਪੱਛਮੀ ਵਿਧਾਨ ਸਭਾ ਸੀਟ ਕਈ ਕਾਰਨਾ ਕਰਕੇ ਵਿਲੱਖਤਾ ਰੱਖਦੀ ਹੈ। ਇਸ ਹਲਕੇ ਵਿੱਚ ਲੁਧਿਆਣਾ ਸਨਅਤੀ ਸ਼ਹਿਰ ਦੇ ਵੱਡੇ ਸਨਅਤਕਾਰ ਘਰਾਣੇ ਰਹਿੰਦੇ ਹਨ, ਜਿਨ੍ਹਾਂ ਵਿੱਚ ਓਸਵਾਲ, ਮਿਤਲ, ਹੀਰੋ , ਮੁੰਜਾਲ, ਏਵਨ ਅਤੇ ਟ੍ਰਾਈਡੈਂਟ ਗਰੁਪ ਸ਼ਾਮਲ ਹਨ, ਭਾਵ ਪੰਜਾਬ ਦੇ ਧਨਾਢ ਸਨਅਤਕਾਰਾਂ ਦਾ ਹਲਕਾ ਹੈ। ਇਨ੍ਹਾਂ ਦਾ ਆਪਣੇ ਵਰਕਰਾਂ 'ਤੇ ਪ੍ਰਭਾਵ ਪੈਣਾ ਕੁਦਰਤੀ ਹੈ। ਰਾਜਿੰਦਰ ਗੁਪਤਾ ਟ੍ਰਾਈਡੈਂਟ ਗਰੁਪ ਨੂੰ ਤਾਂ ਸਰਕਾਰ ਨੇ ਸਟੇਟ ਇਕਨਾਮਿਕ ਪਾਲਿਸੀ ਐਂਡ ਪਲਾਨਿੰਗ ਬੋਰਡ ਦਾ ਉਪ ਚੇਅਰਮੈਨ ਬਣਾਇਆ ਹੋਇਆ ਹੈ। ਇਹ ਸਾਰੇ ਅਮੀਰ ਲੋਕ ਲਗਪਗ ਸਾਰੀਆਂ ਪਾਰਟੀਆਂ ਨੂੰ ਚੰਦਾ ਦਿੰਦੇ ਹਨ, ਪ੍ਰੰਤੂ ਇਸ ਵਾਰ ਇਨ੍ਹਾਂ ਸਨਅਤਕਾਰਾਂ ਦੀ ਪਬਲਿਕ ਮੀਟਿੰਗ ਏਵਨ ਸਾਈਕਲ ਵਾਲਿਆਂ ਨੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਨਾਲ ਕਰਵਾਈ ਹੈ। ਇੱਕ ਕਿਸਮ ਨਾਲ ਸਰਕਾਰ ਦੇ ਪ੍ਰਭਾਵ ਅਧੀਨ ਸਨਅਤਕਾਰ ਆਮ ਆਦਮੀ ਪਾਰਟੀ ਦੇ ਉਮੀਦਵਾਰ ਵਲ ਝੁਕ ਗਏ ਹਨ। ਆਮ ਆਦਮੀ ਪਾਰਟੀ ਦੇ ਉਮੀਦਵਾਰ ਸਾਰੇ ਉਮੀਦਵਾਰਾਂ ਤੋਂ ਅਮੀਰ ਹਨ , ਪ੍ਰੰਤੂ ਭਾਰਤ ਭੂਸ਼ਨ ਆਸ਼ੂ ਵੀ ਆਰਥਿਕ ਤੌਰ 'ਤੇ ਸਮਰੱਥ ਉਮੀਦਵਾਰ ਹੈ। ਭਾਰਤੀ ਜਨਤਾ ਪਾਰਟੀ ਜੀਵਨ ਗੁਪਤਾ ਦੀ ਥਾਂ ਖੁਦ ਫ਼ੰਡਿੰਗ ਕਰ ਰਹੀ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਗੜਵਾਸੂ ਯੂਨੀਵਰਸਿਟੀ, ਸਟਾਕ ਐਕਸਚੇਂਜ, ਮਿਲਕ ਪਲਾਂਟ, ਲੁਧਿਆਣਾ ਪੋਲੀਸ ਲਾਈਨ, ਦਇਆ ਨੰਦ ਹਸਪਤਾਲ, ਰੇਲਵੇ ਕਾਲੋਨੀ ਤੇ ਉਨ੍ਹਾਂ ਦੇ ਮੁਲਾਜ਼ਮ ਕੁਆਟਰਾਂ ਵਿੱਚ ਰਹਿੰਦੇ ਹਨ, ਲੁਧਿਆਣਾ ਪੱਛਮੀ ਵਿੱਚ ਪੈਂਦੇ ਹਨ। ਇਨ੍ਹਾਂ ਦੀਆਂ ਵੋਟਾਂ ਚੋਣ ਨਤੀਜੇ ਤੇ ਪ੍ਰਭਾਵ ਪਾਉਣਗੀਆਂ। ਲੁਧਿਆਣਾ ਵਿੱਚ ਚਾਰ ਸਭ ਤੋਂ ਵੱਡੇ ਅਮੀਰ ਕਲੱਬ ਹਨ, ਜਿਨ੍ਹਾਂ ਦੀ ਮੈਂਬਰਸ਼ਿਪ ਲੱਖਾਂ ਵਿੱਚ ਮਿਲਦੀ ਹੈ, ਸਤਲੁਜ ਕਲੱਬ, ਲੋਧੀ ਕਲੱਬ, ਲੁਧਿਆਣਾ ਕਲੱਬ ਅਤੇ ਲਕਸ਼ਮੀ ਲੇਡੀਜ਼ ਕਲੱਬ, ਇਹ ਸਾਰੇ ਲੁਧਿਆਣਾ ਪੱਛਮੀ ਹਲਕੇ ਵਿੱਚ ਬਣੇ ਹਨ। ਲਿਖਣ ਤੋਂ ਭਾਵ ਹੈ ਕਿ ਲੁਧਿਆਣਾ ਪੱਛਮੀ ਸੀਟ ਅਮੀਰ ਲੋਕਾਂ ਦੇ ਹੱਥਾਂ ਵਿੱਚ ਹੈ। ਸਬ ਸਿਟੀ ਜਿਹੜਾ ਨਹਿਰ ਦੇ ਦੋਵੇਂ ਪਾਸੇ ਹੈ, ਉਹ ਵੀ ਇਸੇ ਹਲਕੇ ਵਿੱਚ ਪੈਂਦਾ ਹੈ। ਤਿੰਨ ਪਿੰਡ ਬਾੜੇਵਾਲ, ਜਵੱਦੀ ਤੇ ਸਨੇਤ ਜੋ ਸ਼ਹਿਰ ਵਿੱਚ ਆ ਗਏ ਹਨ, ਇਹ ਵੀ ਇਸੇ ਹਲਕੇ ਵਿੱਚ ਪੈਂਦੇ ਹਨ। ਇਸ ਵਾਰ ਪੱਛਮੀ ਹਲਕੇ ਦੇ ਵੋਟਰਾਂ ਦੀ ਗਿਣਤੀ 1 ਲੱਖ 82 ਹਜ਼ਾਰ 545 ਹੈ। ਇਨ੍ਹਾਂ ਵਿੱਚੋਂ 1 ਲੱਖ 30 ਹਜ਼ਾਰ ਦੇ ਕਰੀਬ ਹਿੰਦੂ ਵੋਟਰ ਹਨ ਅਤੇ ਬਾਕੀ ਸਿੱਖ ਵੋਟਰ ਹਨ, ਜਿਹੜੇ ਤਿੰਨਾਂ ਪਿੰਡਾਂ ਅਤੇ ਵੱਖ-ਵੱਖ ਵਿਭਾਗਾਂ ਤੋਂ ਸੇਵਾ ਮੁਕਤ ਹੋਏ ਮੁਲਾਜ਼ਮ ਸਨ, ਜਿਹੜੇ ਲੁਧਿਆਣਾ ਨੌਕਰੀ ਕਰਦੇ ਏਥੇ ਹੀ ਵਸ ਗਏ। ਹਿੰਦੂ ਵਰਗ ਦੀਆਂ ਵੋਟਾਂ ਆਮ ਆਦਮੀ ਪਾਰਟੀ, ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀਆਂ ਵਿੱਚ ਵੰਡੀਆਂ ਜਾਣੀਆਂ ਹਨ ਪ੍ਰੰਤੂ ਜਿੱਤ ਹਾਰ ਦਾ ਫ਼ੈਸਲਾ ਸਿੱਖ ਵੋਟਰ ਕਰਨਗੇ। ਮਈ 2024 ਵਿੱਚ ਹੋਈ ਲੋਕ ਸਭਾ ਚੋਣ ਵਿੱਚ ਲੁਧਿਆਣਾ ਹਲਕੇ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਅਮਰਿੰਦਰ ਸਿੰਘ ਰਾਜਾ ਵੜਿੰਗ 20 ਹਜ਼ਾਰ ਵੋਟਾਂ ਦੇ ਅੰਤਰ ਨਾਲ ਚੋਣ ਜਿੱਤ ਗਏ ਸਨ, ਪ੍ਰੰਤੂ ਸ਼ਹਿਰੀ 6 ਸੀਟਾਂ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਰਵਨੀਤ ਸਿੰਘ ਬਿੱਟੂ 75 ਹਜ਼ਾਰ ਵੋਟ ਨਾਲ ਰਾਜਾ ਵੜਿੰਗ ਤੋਂ ਅੱਗੇ ਰਹੇ ਸਨ। ਲੁਧਿਆਣਾ ਪੱਛਮੀ ਵਿਧਾਨ ਸਭਾ ਹਲਕੇ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਰਵਨੀਤ ਸਿੰਘ ਬਿੱਟੂ ਨੂੰ 45 ਹਜ਼ਾਰ 424, ਕਾਂਗਰਸ ਦੇ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ 30 ਹਜ਼ਾਰ 890, ਆਮ ਆਦਮੀ ਪਾਰਟੀ ਦੇ ਅਸ਼ੋਕ ਕੁਮਾਰ ਪੱਪੀ ਪ੍ਰਾਸ਼ਰ ਨੂੰ 22 ਹਜ਼ਾਰ 461 ਅਤੇ ਸ਼੍ਰੋਮਣੀ ਅਕਾਲੀ ਦਲ ਦੇ ਰਣਜੀਤ ਸਿੰਘ ਢਿਲੋਂ ਨੂੰ 5560 ਵੋਟਾਂ ਪੋਲ ਹੋਈਆਂ ਸਨ। ਰਵਨੀਤ ਸਿੰਘ ਬਿੱਟੂ 15 ਹਜ਼ਾਰ 534 ਵੋਟਾਂ ਵੱਧ ਲੈ ਕੇ ਜੇਤੂ ਰਹੇ ਸਨ। ਆਮ ਆਦਮੀ ਪਾਰਟੀ ਦਾ ਉਮੀਦਵਾਰ ਤੀਜੇ ਨੰਬਰ 'ਤੇ ਰਿਹਾ ਸੀ। ਇਸ ਵਾਰ ਆਮ ਆਦਮੀ ਪਾਰਟੀ ਵੱਲੋਂ ਸਨਅਤਕਾਰ ਵਰਤਮਾਨ ਰਾਜ ਸਭਾ ਮੈਂਬਰ ਸੰਜੀਵ ਅਰੋੜਾ, ਕਾਂਗਰਸ ਦੇ ਭਾਰਤ ਭੂਸ਼ਨ ਆਸ਼ੂ, ਭਾਰਤੀ ਜਨਤਾ ਪਾਰਟੀ ਦੇ ਜੀਵਨ ਗੁਪਤਾ ਅਤੇ ਦਰਮਿਆਨ ਤਿਕੋਣਾ ਜ਼ਬਰਦਸਤ ਮੁਕਾਬਲਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਉਮੀਦਵਾਰ ਹਨ, ਜਿੱਤ ਹਾਰ ਦਾ ਅੰਤਰ ਬਹੁਤ ਥੋੜ੍ਹਾ ਹੋਵੇਗਾ, ਕਿਉਂਕਿ ਪੰਜਾਬ ਸਰਕਾਰ ਨੇ ਆਪਣੇ ਮੁੱਖ ਮੰਤਰੀ ਸਮੇਤ ਸਾਰੇ ਮੰਤਰੀ, ਵਿਧਾਨਕਾਰ ਅਤੇ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਿੱਚ ਅਹੁਦੇਦਾਰ ਪਾਰਟੀ ਦੀ ਸ਼ਾਖ਼ ਬਚਾਉਣ ਲਈ ਲੜ ਰਹੇ ਹਨ। ਦੂਜੇ ਪਾਸੇ ਕਾਂਗਰਸ ਪਾਰਟੀ ਦੇ ਦਿਗਜ਼ ਨੇਤਾ ਵੀ ਆਪਣੇ ਵਿਧਾਨਕਾਰਾਂ ਅਤੇ ਪਾਰਟੀ ਦੇ ਹੋਰ ਅਹੁਦੇਦਾਰਾਂ ਨਾਲ ਹਰ ਹਾਲਤ ਵਿੱਚ ਭਾਰਤ ਭੂਸ਼ਨ ਆਸ਼ੂ ਨੂੰ ਜਿਤਾਉਣ ਲਈ ਜਦੋਜਹਿਦ ਕਰ ਰਹੇ ਹਨ। ਭਾਰਤੀ ਜਨਤਾ ਪਾਰਟੀ ਦੀ ਮੁਹਿੰਮ ਦੀ ਅਗਵਾਈ ਕੇਂਦਰੀ ਰੇਲਵੇ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਕਰ ਰਹੇ ਹਨ। ਭਾਰਤੀ ਜਨਤਾ ਪਾਰਟੀ ਦਾ ਉਮੀਦਵਾਰ ਭਾਵੇਂ ਛੋਟਾ ਨੇਤਾ ਹੈ, ਪ੍ਰੰਤੂ ਪਿਛਲੇ 34 ਸਾਲ ਤੋਂ ਆਰ.ਐਸ.ਐਸ.ਅਤੇ ਭਾਰਤੀ ਜਨਤਾ ਪਾਰਟੀ ਵਿੱਚ ਸਰਗਰਮੀ ਨਾਲ ਵਿਚਰ ਰਿਹਾ ਹੈ। ਲੁਧਿਆਣਾ ਸ਼ਹਿਰ ਦੇ ਵੱਡੇ ਮੰਦਰ ਵੀ ਇਸੇ ਹਲਕੇ ਵਿੱਚ ਹਨ। ਜੇਕਰ ਭਾਰਤੀ ਜਨਤਾ ਪਾਰਟੀ ਲੋਕ ਸਭਾ ਦੀ ਤਰ੍ਹਾਂ ਹਿੰਦੂ ਵੋਟ ਬੈਂਕ ਨੂੰ ਆਪਣੇ ਨਾਲ ਜੋੜਨ ਵਿੱਚ ਸਫ਼ਲ ਹੋ ਗਈ ਤਾਂ ਚੋਣ ਨਤੀਜਾ ਅਚੰਭਤ ਕਰ ਸਕਦਾ ਹੈ, ਜਿਸਦੀ ਪੂਰੀ ਸੰਭਾਵਨਾ ਹੈ। ਪ੍ਰੰਤੂ ਪੰਜਾਬ ਦੇ ਇਨਚਾਰਜ ਵਿਜੇ ਰੁਪਾਨੀ ਦੀ ਜ਼ਹਾਜ਼ ਹਾਦਸੇ ਵਿੱਚ ਹੋਈ ਮੌਤ ਪਾਰਟੀ ਲਈ ਨੁਕਸਾਨਦਾਇਕ ਹੋ ਸਕਦੀ ਹੈ।